ਬੱਚਿਆਂ ਲਈ ਬਾਈਬਲ

ਉਪੱਸਥਿਤ

# ਯਿਸੂ ਦਾ ਜਨਮ।



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : M. Maillot

ਦੁਆਰਾ ਬਦਲਿਆ ਗਿਆ : E. Frischbutter; Sarah S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2012 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਬਹੁਤ ਸਮੇਂ ਪਹਿਲਾਂ ਪਰਮੇਸ਼ਵਰ ਨੇ
ਆਪਣੇ ਦੂਤ ਜ਼ਿਬਰਾਇਲ ਨੂੰ ਇੱਕ
ਬਹੁਤ ਹੀ ਪਿਆਰੀ, ਜਵਾਨ
ਯਹੂਦਨ ਕੁਆਰੀ ਜਿਸ
ਦਾ ਨਾਂਮ
ਮਰਿਯਮ ਸੀ,
ਕੋਲ ਭੇਜ਼ਿਆਂ।

ਉਸਨੇ ਉਹ ਨੂੰ ਆਖਿਆ, ਤੇਰੇ ਇੱਕ
ਪੁੱਤਰ ਹੋਵੇਗਾ ਅਤੇ ਤੂੰ ਉਸਦਾ ਨਾਮ
ਯਿਸੂ ਰੱਖਣਾ। ਉਹ ਅੱਤ ਮਹਾਨ
ਦਾ ਪੁੱਤਰ ਸਦਾਵੇਗਾ। ਉਹ
ਜੁੱਗੋ ਜੁੱਗ
ਰਾਜ਼ ਕਰੇਗਾ।



ਲੜਕੀ ਨੇ ਹੈਰਾਨ ਹੋ ਕੇ ਪੁਛਿਆਂ ’,’ ਇਹ ਕਿਵੇ ਹੋਵੇਗਾ। ਮੈ ਕਿਸੇ ਮਨੁੱਖ ਨਾਲ ਨਹੀ ਰਹੀ ਹਾਂ।



ਦੂਤ ਨੇ ਮਰਿਯਮ ਨੂੰ ਆਖਿਆ
ਕਿ ਇਹ ਬੱਚਾ ਪਰਮੇਸ਼ਵਰ ਵੱਲੋ
ਆਵੇਗਾ। ਉਸਦਾ ਦਾ ਕੋਈ
ਵੀ ਇਨਸਾਨੀ ਪਿਤਾ
ਨਹੀ ਹੋਵੇਗਾ।



ਤਦ ਦੂਤ ਨੇ ਮਰਿਯਮ ਨੂੰ
ਆਖਿਆ ਵੇਖ ਤੇਰੀ ਸਾਕ
ਇਲੀਸਬਤ ਉਹ ਨੂੰ ਵੀ
ਬੁਢਾਪੇ ਵਿੱਚ ਬੱਚਾ
ਹੋਣ ਵਾਲਾ ਹੈ।
ਇਹ ਵੀ ਇੱਕ
ਚਮਤਕਾਰ ਸੀ।



ਤੁਰੰਤ ਬਾਅਦ ਮਰਿਯਮ ਨੇ ਇਲੀਸਬਤ ਨਾਲ ਮੁਲਾਕਾਤ ਕੀਤੀ, ਉਨ੍ਹਾਂ ਨੇ ਇਕੱਠਿਆਂ ਪਰਮੇਸ਼ਵਰ ਦੀ ਸਤੁਤੀ ਕੀਤੀ।



ਮਰਿਯਮ ਦੀ ਮੰਗਣੀ ਯੂਸਫ਼ ਨਾ ਦੇ ਮਨੁੱਖ ਨਾਲ ਹੋ ਗਈ। ਜਦ ਯੂਸਫ਼ ਨੂੰ ਪਤਾ ਲੱਗਾ ਕਿ ਮਰਿਯਮ ਗਰਭਵਤੀ ਹੈ ਤਾ ਉਹ ਦੁਖੀ ਹੋਇਆ। ਉਸਨੇ ਸੋਚਿਆ ਕਿ ਕੋਈ ਹੋਰ ਮਨੁੱਖ ਉਸਦਾ ਪਿਤਾ ਹੋਵੇਗਾ।



ਸੁਪਨੇ ਵਿੱਚ, ਪਰਮੇਸ਼ਵਰ ਦੇ ਦੂਤ ਨੇ ਯੂਸਫ਼ ਨੂੰ ਕਿਹਾ ਕਿ ਉਹ ਬੱਚਾ ਪਰਮੇਸ਼ਵਰ ਦਾ ਪੁੱਤਰ ਹੈ। ਯੂਸਫ਼ ਮਰਿਯਮ ਦੀ ਮਦਦ ਲਈ ਸੀ ਕਿ ਉਹ ਯਿਸੂ ਦੀ ਦੇਖ-ਭਾਲ ਕਰਨ।



ਯੂਸਫ਼ ਨੇ ਭਰੋਸਾ ਕੀਤਾ ਅਤੇ ਆਗਿਆ ਨੂੰ ਮੰਨਿਆਂ।
ਉਸਨੇ ਆਪਣੇ ਦੇਸ਼ ਦੇ
ਕਾਨੂੰਨ ਨੂੰ ਵੀ
ਮੰਨਿਆ।



ਕਿਉਂਕਿ ਇੱਕ ਨਵਾ ਕਾਨੂੰਨ ਸੀ, ਉਹ ਅਤੇ
ਮਰਿਯਮ ਆਪਣੇ ਘਰਾਣੇ
ਨੂੰ ਛੱਡ ਕੇ ਬੇਤਲਹਮ
ਨੂੰ ਆਪਣਾ



ਲਗਾਨ ਭਰਨ ਗਏ।


ਮਰਿਯਮ ਬੱਚੇ ਨੂੰ ਜਨਮ ਦੇਣ ਲਈ ਤਿਆਰ ਸੀ। ਪਰ ਯੂਸਫ਼ ਨੂੰ ਕਿਤੇ ਵੀ ਕਮਰਾ ਨਾ ਮਿਲਿਆ।


ਸਾਰੀਆਂ ਸਰਾਵਾਂ ਭਰ
ਚੁੱਕੀਆਂ ਸਨ।


ਅੰਤ ਵਿੱਚ ਯੂਸਫ਼ ਨੂੰ ਇੱਕ ਤਬੇਲਾ ਲੱਭਿਆ।
ਉਥੇ ਬੱਚਾ ਯਿਸੂ ਪੈਦਾ ਹੋਇਆ।

ਉਸਦੀ ਮਾਤਾ ਨੇ ਉਸਨੂੰ ਖੁਰਲੀ ਵਿੱਚ ਲਿਟਾ ਦਿੱਤਾ।ਆਮਤੌਰ ਤੇ ਜਿੱਥੇ ਜਾਨਵਰਾਂ ਨੂੰ ਖਾਣਾ ਪਾਇਆ ਜਾਂਦਾ ਹੈ।



ਨੇੜੇ ਹੀ ਅਯਾਲੀ ਆਪਣੇ ਇੱਜੜ ਨੂੰ ਚਰਾ ਰਹੇ ਸੀ।



ਪਰਮੇਸ਼ਵਰ ਦਾ ਦੂਤ ਉਥੇ ਪਰਗਟ ਹੋਇਆ ਅਤੇ ਉਨ੍ਹਾਂ ਨੂੰ ਅਦਭੁਤ ਖ਼ਬਰ ਸੁਣਾਈ।




ਭਾਈ ਦਾਉਦ ਦੇ ਨਗਰ ਵਿੱਚ ਅੱਜ ਤੁਹਾਡੇ ਲਈ
ਇੱਕ ਮੁਕਤੀ ਦਾਤਾ ਪੈਦਾ ਹੋਇਆ ਹੈ,
ਜਿਹੜਾ ਪ੍ਰਭੂ ਯਿਸੂ
ਮਸੀਹ ਹੈ।

ਤੁਸੀ ਉਸ ਬੱਚੇ ਨੂੰ ਖੁਰਲੀ ਵਿੱਚ ਪਿਆ
ਹੋਇਆ ਵੇਖੋਗੇ।




ਤਾਂ ਇੱਕ ਸਵਰਗ ਦੂਤਾਂ ਦੀ ਟੋਲੀ ਪਰਮੇਸ਼ਵਰ ਦੀ ਉਸਤਤ ਕਰਦੀ ਅਤੇ ਇਹ ਕਹਿੰਦੀ ਸੀ।ਪਰਮਧਾਮ ਵਿੱਚ ਪਰਮੇਸ਼ਵਰ ...


... ਦੀ ਵਡਿਅਵਾਈ ਅਤੇ ਧਰਤੀ ਉਤੇ ਸ਼ਾਂਤੀ
ਉਨ੍ਹਾਂ ਵਿੱਚ ਜਿਨ੍ਹਾਂ ਨਾਲ ਉਹ ਪ੍ਰਸੰਨ
ਹੈ।


ਅਯਾਲੀ ਜਲਦੀ ਨਾਲ
ਗਊਸ਼ਾਲਾ ਵਿੱਚ ਗਏ।


ਬੱਚੇ ਨੂੰ ਵੇਖਣ ਤੋ ਬਾਅਦ ਉਨ੍ਹਾਂ ਹਰੇਕ ਨੂੰ ਦੱਸਿਆਂ ਕਿ
ਜਿਸ ਤਰ੍ਹਾਂ ਦੂਤਾਂ ਨੇ ਯਿਸੂ ਬਾਰੇ ਦੱਸਿਆਂ ਸੀ। ਉਸੇ
ਤਰ੍ਹਾਂ ਉਨ੍ਹਾਂ ਪਾਇਆ।

ਚਾਲੀ ਦਿਨਾਂ ਬਾਅਦ, ਯੂਸਫ਼ ਅਤੇ ਮਰਿਯਮ ਯਿਸੂ ਨੂੰ ਹੈਕਲ ਵਿੱਚ ਲਿਆਏ ਜਿਹੜੀ ਯਰੂਸ਼ਲਮ ਵਿੱਚ ਸੀ।





ਉਥ ਇੱਕ ਮਨੁੱਖ ਸਿਮਓਨ
ਸੀ ਜਿਸ ਨੇ ਬੱਚੇ
ਲਈ ਪਰਮੇਸ਼ਵਰ ਦੀ
ਵਡਿਆਈ ਕੀਤੀ।

ਜਦ ਕਿ ਬਜੁਰਗ ਹੰਨਾਂ ਅਤੇ ਬਾਕੀ ਸੇਵਕਾਂ ਨੇ ਮਿਲ ਕੇ ਯਹੋਵਾ ਦਾ ਧੰਨਵਾਦ ਕੀਤਾ।





ਇਹ ਦੋਵੇ ਜਾਣਦੇ ਸਨ ਕਿ ਯਿਸੂ ਪਰਮੇਸ਼ਵਰ ਦਾ ਪੁਤਰ ਹੈ ਉਹ ਵਾਇਦੇ ਦਾ ਮੁਕਤੀ ਦਾਤਾ ਹੈ। ਯੂਸਫ਼ ਨੇ ਦੋ ਪੰਛੀਆਂ ਦਾ ਬਲਿਦਾਨ ਕੀਤਾ।



ਇਹ ਭੇਂਟ ਪਰਮੇਸ਼ਵਰ ਦੀ ਸਰਾਂ ਦੇ ਮੁਤਾਬਿਕ ਗਰੀਬ ਲੋਕ ਉਸ ਵੇਲੇ ਚੜਾਉਦੇ ਸੀ ਜਦ ਉਹ ਆਪਣੇ ਨਵੇ ਜਨਮੇ ਬੱਚੇ ਨੂੰ ਯਹੋਵਾ ਦੇ ਸਾਹਮਣੇ ਹਾਜ਼ਰ ਕਰਦੇ ਸੀ।




ਕੁਝ ਸਮੇ ਬਾਅਦ,
ਇੱਕ ਵਿਸ਼ੇਸ਼ ਤਾਰਾ
ਜੋਤਸ਼ੀਆਂ ਦੀ
ਅਗਵਾਈ
ਕਰਦਾ ਉਨ੍ਹਾਂ ਨੂੰ ਪੂਰਬ ਤੋ
ਯਰੂਸ਼ਲਮ ਲੈ ਆਇਆ।


ਉਨ੍ਹਾਂ ਨੇ ਪੁੱਛਿਆਂ
ਉਹ ਕਿੱਥੇ
ਹੈ ਜਿਹੜਾ
ਯਹੂਦੀਆਂ
ਦਾ ਪਾਤਸ਼ਾਹ ਜੰਮਿਆ
ਹੈ। ਅਸੀ ਉਹ ਨੂੰ ਮੱਥਾ
ਟੇਕਣ ਆਏ ਹਾਂ।

ਰਾਜ਼ੇ ਹੇਰੋਦੇਸ਼ ਨੇ
ਜੋਤਸ਼ੀਆਂ ਦੇ ਬਾਰੇ
ਸੁਣਿਆਂ। ਪਰੇਸ਼ਾਨ ਹੋ
ਕਿ ਉਸਨੇ ਓਨ੍ਹਾਂ ਨੂੰ
ਕਿਹਾ ਕਿ ਤੁਸੀ ਮੈਨੂੰ
ਦੱਸਣਾ ਕਿ ਯਿਸੂ
ਨੂੰ ਕਿੱਥੇ
ਪਾਇਆ
ਹੈ।



ਹੇਰੋਦੇਸ ਨੇ ਕਿਹਾ ਮੈ ਵੀ ਉਸਨੂੰ ਮੱਥਾ ਟੇਕਣਾ ਚਾਹੁੰਦਾ ਹਾਂ। ਪਰ ਉਹ ਝੂਠ ਬੋਲ ਰਿਹਾ ਸੀ। ਹੇਰੋਦੇਸ ਯਿਸੂ ਨੂੰ ਮਾਰਨਾ ਚਾਹੁੰਦਾ ਸੀ।





ਤਾਰਾ ਉਨ੍ਹਾਂ ਜੋਤ਼ਸ਼ੀਆਂ
ਨੂੰ ਸਹੀ ਘਰ ਲੈ ਗਿਆ
ਜਿੱਥੇ ਮਰਿਯਮ ਅਤੇ ਯੂਸਫ਼
ਬੱਚੇ ਨਾਲ
ਰਹਿੰਦੇ ਸੀ।



ਉਨ੍ਹਾਂ ਆਪਣੇ ਗੋਡੇ ਨਿਵਾ
ਕੇ ਮੱਥਾ ਟੇਕਿਆ ਅਤੇ
ਮੁਸਾਫ਼ਰਾਂ ਨੇ ਯਿਸੂ ਨੂੰ
ਕੀਮਤੀ ਤੋਹਫੇ
ਸੋਨਾ ਅਤੇ
ਗਾਧਰੰਸ
ਦਿੱਤੇ।

ਪਰਮੇਸ਼ਵਰ ਨੇ ਜੋਤਸ਼ੀਆਂ ਨੂੰ ਚੇਤਾਵਨੀ ਦਿੱਤੀ ਕਿ ਉਹ ਆਪਣੇ ਘਰਾ ਨੂੰ ਗੁਪਤ ਰੀਤੀ ਨਾਲ ਚਲੇ ਜਾਣ।



ਹੇਰੋਦੇਸ ਗੁੱਸੇ ਨਾਲ ਅੱਗ-ਬਬੂਲਾ ਹੋ ਗਿਆ।ਦੁਸ਼ਟ ਰਾਜੇ ਨੇ ਬੈਤਲਹਮ ਵਿੱਚ ਸਾਰੇ ਲੜਕੇ ਬੱਚਿਆ ਨੂੰ ਮਰਵਾ ਦਿੱਤਾ।





ਪਰ ਹੇਰੋਦੇਸ
ਪਰਮੇਸ਼ਵਰ ਦੇ
ਪੁੱਤਰ ਨੂੰ ਕੁਝ
ਨੁਕਸਾਨ ਨਾ
ਪਹੁੰਚਾ ਸਕਿਆ।


ਸੁਪਨੇ ਵਿੱਚ ਚੇਤਾਵਨੀ
ਪਾ ਕੇ ਯੂਸਫ਼ ਮਰਿਯਮ
ਅਤੇ ਯਿਸੂ ਨੂੰ ਮਿਸਰ
ਵਿੱਚ ਹੀ ਸਲਾਮਤ
ਲੈ ਗਿਆ।



ਜਦ ਹੇਰੋਦੇਸ ਮਰ ਗਿਆ ਤਾਂ ਯੂਸਫ਼ ਮਰਿਯਮ ਅਤੇ

ਯਿਸੂ ਨੂੰ ਮਿਸਰ ਤੋ ਵਾਪਸ ਲੈ ਆਇਆ।



ਉਹ ਇੱਕ ਛੋਟੇ ਨਗਰ ਨਾਸ਼ਰਤ ਵਿੱਚ

ਰਹਿੰਦੇ ਸੀ ਜਿਹੜਾ ਗਲੀਲ ਦੇ ਨਗਰ ਦੇ ਲਾਗੇ ਸੀ।

ਯਿਸੂ ਦਾ ਜਨਮ।

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮੱਤੀ ਦੀ ਇੰਜ਼ੀਲ 1-2, ਲੂਕਾ ਦੀ ਇੰਜ਼ੀਲ 1-2

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰ਼ੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16